नामांक Roll No.

| | | | | | | |
|---|---|---|---|---|---|---|
| | | | | | | |

No. of Questions – **10**

# S-75-Punjabi (T.L.)

No. of Printed Pages – **8**

# माध्यमिक परीक्षा, 2017

# SECONDARY EXAMINATION, 2017

# पंजाबी

# PUNJABI

**(THIRD LANGUAGE)**

Time : $3\frac{1}{4}$ Hours

Maximum Marks : 80

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ** :

(1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ ।

(4) ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਮਾਨ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

(5) ਪ੍ਰਸ਼ਨ ਸੰਖਿਆ 3 ਵਿੱਚ ਆਂਤਰਿਕ ਵਿਕੱਲਪ ਹੈ ।

1. ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲੇ ਬੱਦਲ ਸਾਡੇ ਜੀਵਨ ਨੂੰ ਹਨੇਰੀ ਬੁੱਕਲ ਵਿੱਚ ਲਪੇਟ ਲੈਂਦੇ ਹਨ ਅਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ ਸਾਡਾ ਹੌਸਲਾ ਵਧਾਉਂਦੀਆਂ ਹਨ । ਭਾਵ ਔਖੇ ਸਮੇਂ ਵਿੱਚ ਚੰਗੀਆਂ ਪੁਸਤਕਾਂ ਸਾਡਾ ਸਦਾ ਸਾਥ ਨਿਭਾਉਦੀਆਂ ਹਨ ਅਤੇ ਸਾਡੀ ਅਗਵਾਈ ਕਰਦੀਆਂ ਹਨ । ਹੁਣ ਤੱਕ ਦਾ ਇੱਕਠਾ ਕੀਤਾ ਗਿਆ ਗਿਆਨ ਇਹਨਾਂ ਪੁਸਤਕਾਂ ਵਿਚੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਇਹ ਗਿਆਨ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਸਭ ਨੂੰ ਪ੍ਰਦਾਨ ਕਰਨ ਨੂੰ ਤਿਆਰ ਰਹਿੰਦੀਆਂ ਹਨ । ਪੁਸਤਕਾਂ ਤੋਂ ਪ੍ਰਾਪਤ ਗਿਆਨ ਹਮੇਸ਼ਾ ਸਾਡੇ ਕੋਲ ਰਹਿੰਦਾ ਹੈ । ਇਹ ਸਾਡੇ ਸੱਚੇ ਮਿੱਤਰ ਸਮਾਨ ਹੁੰਦੀਆਂ ਹਨ ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਦਿਓ : **$5 \times 2 = 10$**

(1) ਉਪਰੋਕਤ ਪੈਰ੍ਹੇ ਦਾ ਸਿਰਲੇਖ ਦਿਓ ।

(2) ਚੰਗੀਆਂ ਪੁਸਤਕਾਂ ਮਨੁੱਖ ਲਈ ਕੀ ਹਨ ?

(3) ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ ਸਾਡਾ ਹੌਸਲਾ ਕਦੋਂ ਵਧਾਉਂਦੀਆਂ ਹਨ ?

(4) ਹੁਣ ਤੱਕ ਦਾ ਇਕੱਠਾ ਕੀਤਾ ਗਿਆ ਗਿਆਨ ਸਾਨੂੰ ਕਿੱਥੋਂ ਪ੍ਰਾਪਤ ਹੁੰਦਾ ਹੈ ?

(5) ਪੁਸਤਕਾਂ ਗਿਆਨ ਨੂੰ ਪ੍ਰਦਾਨ ਕਰਨ ਲਈ ਕਿਸ ਤਰ੍ਹਾਂ ਤਿਆਰ ਰਹਿੰਦੀਆਂ ਹਨ ?

2. ਹੇਠ ਲਿਕੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਪਰ ਲੇਖ ਲਿਖੋ : **8**

(ੳ) ਮੇਰਾ ਆਦਰਸ਼ ਅਧਿਆਪਕ ।

(ਅ) ਮੋਬਾਇਲ ਦੀਆਂ ਲਾਭ-ਹਾਨੀਆਂ ।

(ੲ) ਵਧਦੀ ਆਬਾਦੀ ਦੀ ਸਮੱਸਿਆ ।

(ਸ) ਕਿਸੇ ਇਤਿਹਾਸਕ ਸਥਾਨ ਦੀ ਯਾਤਰਾ ।

(ਹ) ਸ਼ਹੀਦਾਂ ਦੇ ਸਿਰਤਾਜ-ਗੁਰੂ ਅਰਜਨ ਦੇਵ ਜੀ ।

3. ਤੁਸੀਂ ਰਾਜਵੀਰ ਕੌਰ ਹੋ । ਖਾਲਸਾ ਇਲੈਕਟਰੋਨਿਕਸ ਪਦਮਪੁਰ ਤੋਂ ਕੰਪਿਊਟਰ ਮੰਗਵਾਉਣ ਵਾਸਤੇ ਮੰਗ ਪੱਤਰ ਲਿਖੋ । **4**

**ਜਾਂ**

ਤੁਹਾਡਾ ਭਰਾ ਟੈਲੀਵਿਜ਼ਨ ਬਹੁਤ ਵੇਖਦਾ ਹੈ, ਪੜ੍ਹਾਈ ਵੱਲ ਪ੍ਰੇਰਿਤ ਕਰਨ ਲਈ ਤੁਸੀਂ ਉਸਨੂੰ ਪੱਤਰ ਲਿਖੋ ।

4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਦੇ ਹੋਏ, ਇਸਦਾ ਢੁਕਵਾਂ ਸਿਰਲੇਖ ਦਿਓ । **2 + 1 = 3**

ਘਰ ਵਾਂਗ ਸਕੂਲ ਵਿੱਚ ਵੀ ਸਫ਼ਾਈ ਬੜੀ ਜ਼ਰੂਰੀ ਹੈ । ਸਕੂਲ ਵਿੱਚ ਕੂੜਾ-ਕਰਕਟ ਵਧੇਰੇ ਕਰਕੇ ਪਾਟੇ ਹੋਏ ਕਾਗਜ਼ਾ ਆਦਿ ਦਾ ਹੀ ਹੁੰਦਾ ਹੈ, ਇਸ ਲਈ ਜੇ ਹਰ ਵਿਦਿਆਰਥੀ ਅਜਿਹਾ ਕੂੜਾ-ਕਰਕਟ ਖਿਲਾਰਨ ਤੋਂ ਸੰਕੋਚ ਕਰੇ ਤਾਂ ਗੰਦਗੀਬਹੁਤ ਘੱਟ ਫੈਲੇਗੀ । ਕੁਝ ਮਿੱਟੀ-ਘੱਟਾ ਤੇਜ਼ ਹਵਾ ਚਲਣ ਨਾਲ ਹੁੰਦਾ ਹੈ । ਜਿਸ ਲਈ ਹਰ ਰੋਜ਼ ਸਫ਼ਾਈ ਦੀ ਲੋੜ ਹੈ । ਆਮ ਸਕੂਲਾਂ ਵਿੱਚ ਇੱਕ ਸਫ਼ਾਈ ਸੇਵਕ ਹੁੰਦਾ ਹੈ । ਕਈ ਸਕੂਲਾਂ ਵਿੱਚ ਸਫ਼ਾਈ ਦਾ ਕੰਮ ਵਿਦਿਆਰਥੀਆਂ ਕੋਲੋਂ ਕਰਵਾਇਆ ਜਾਂਦਾ ਹੈ ਤਾਂ ਜੋ ਉਹਨਾਂ ਨੂੰ ਆਪਣੀ ਸਫ਼ਾਈ ਆਪ ਕਰਨ ਦੀ ਜਾਚ ਆ ਜਾਵੇ । ਕਈਆਂ ਸਕੂਲਾਂ ਵਿੱਚ ਵੱਖ-ਵਖਕ ਸ੍ਰੇਣੀਆਂ ਦੇ ਸਫ਼ਾਈ ਮੁਕਾਬਲੇ ਹੁੰਦੇ ਹਨ । ਇਸ ਲਈ ਵਿਦਿਆਰਥੀ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣ ਲਈ ਪੂਰਾ ਯੋਗਦਾਨ ਪਾਉਂਦੇ ਹਨ ।

5. (ੳ) ਹੇਠ ਲਿਖੇ ਸ਼ਬਦਾਂ ਨੂੰ ਅਗੇਤਰ ਅਤੇ ਪਿਛੇਤਰ ਦੇ ਤੌਰ ’ਤੇ ਵਰਤੋ :

ਅਗੇਤਰ = ਨਿਰ, ਬਦ, ਉਪ । (ਤਿੰਨ-ਤਿੰਨ ਸ਼ਬਦ) $\frac{1}{2}+\frac{1}{2}+\frac{1}{2}=1\frac{1}{2}$

ਪਿਛੇਤਰ = ਊ, ਆਈ, ਏਰਾ । (ਤਿੰਨ-ਤਿੰਨ ਸ਼ਬਦ) $\frac{1}{2}+\frac{1}{2}+\frac{1}{2}=1\frac{1}{2}$

(ਅ) ਬਹੁਤੇ ਸ਼ਬਦਾਂ ਦੀ ਥਾਂ **ਇੱਕ** ਸ਼ਬਦ ਲਿਖੋ : **1 + 1 + 1 = 3**

(1) ਧਰਮ ਨੂੰ ਮੰਨਣ ਵਾਲਾ ਮਨੁੱਖ ।

(2) ਭੇਡਾਂ-ਬੱਕਰੀਆਂ ਦਾ ਇਕੱਠ ।

(3) ਜਿਸ ਥਾਂ ਉੱਪਰ ਘੋੜੇ ਬੰਨ੍ਹੇ ਜਾਂਦੇ ਹਨ ।

(ੲ) ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਲਿਖੋ : (ਕੋਈ **ਤਿੰਨ**) **1 + 1 + 1 = 3**

ਕਤਾਬ, ਛੜਕ, ਜਿਵਨੀ, ਢੋਲੂ, ਸ਼ੱਤ, ਤੀਮੀਂ ।

(ਸ) ਹੇਠ ਲਿਖੇ ਵਾਕਾਂ ਦੀ ਬਣਤਰ ਬਦਲੋ : **1 + 1 + 1 = 3**

(1) ਗੋਲਡੀ ਰੋਂਦਾ ਹੈ । (ਭੂਤਕਾਲ ਕਾਲ ਵਿੱਚ ਵਰਤੋ)

(2) ਉਹ ਚੰਡੀਗੜ੍ਹ ਜਾ ਰਿਹਾ ਹੈ । (ਨਾਂਹ ਵਾਚਕ ਵਾਕ ਬਣਾਓ)

(3) ਗੁਰਨੀਤ ਰੋ ਰਹੀ ਸੀ । (ਵਰਤਮਾਨ ਕਾਲ ਵਿੱਚ ਬਦਲੋ)

(ਹ) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ : (ਕੋਈ **ਤਿੰਨ**) **1 + 1 + 1 = 3**

(1) ਆਹਾ ਅਸੀਂ ਮੈਚ ਜਿੱਤ ਗਏ

(2) ਬੱਚਿਓ ਰੌਲਾ ਨਾ ਪਾਓ

(3) ਆਲੂ ਗੋਭੀ ਮਟਰ ਪਨੀਰ ਅਤੇ ਪਾਲਕ ਮੰਗਵਾਓ

(4) ਤੁਸੀਂ ਕਿੱਥੇ ਗਏ ਸੀ

6. ਆਪਣੀ ਪਾਠ-ਪੁਸਤਕ ਦੇ ਇਸ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਕੇ ਪ੍ਰਸ਼ਨਾਂ ਦੇ ਉੱਤਰ ਦਿਓ : $1\frac{1}{2} \times 6 = 9$

1634 ਈ: ਵਿੱਚ ਮੁਗਲ ਜਰਨੈਲ ਪੈਂਦੇ ਖਾਨ ਨੇ ਹਮਲਾ ਕਰ ਦਿੱਤਾ । ਛੋਟੀ ਉਮਰ ਦੇ ਹੁੰਦਿਆਂ ਹੋਇਆਂ ਵੀ ਤੇਗ ਬਹਾਦਰ ਜੀ ਲੜਾਈ ਦੇ ਮੈਦਾਨ ਵਿੱਚ ਕੁੱਦ ਪਏ । ਇਹਨਾਂ ਨੇ ਤਲਵਾਰ ਦੇ ਉਹ ਜੌਹਰ ਦਿਖਾਏ ਕਿ ਖੁਸ਼ ਹੋਕੇ ਪਿਤਾਜੀ ਨੇ ਇਹਨਾਂ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਰੱਖ ਦਿੱਤਾ ਉੱਥੋਂ ਦੇ ਹਾਲਾਤ ਠੀਕ ਨਾ ਹੋਣ ਕਰਕੇ ਇਹਨਾਂ ਨੂੰ ਮਾਤਾ ਜੀ ਨਾਲ ਨਾਨਕੇ ਪਿੰਡ ਬਕਾਲੇ ਭੇਜ ਦਿੱਤਾ ਗਿਆ । ਉੱਥੇ ਇਹ ਕਿਰਤ ਕਰਦੇ ਅਤੇ ਕਿਸੇ ਤੋਂ ਕਦੀ ਕੋਈ ਭੇਟਾ ਸਵੀਕਾਰ ਨਾ ਕਰਦੇ । ਜੇ ਕੋਈ ਭੇਟਾ ਦੇ ਵੀ ਦਿੰਦਾ ਤਾਂ ਉਹ ਲੋਕਾਂ ਵਿੱਚ ਵੰਡ ਦਿੰਦੇ ।

(ੳ) ਇਸ ਪੈਰ੍ਹੇ ਦਾ ਲੇਖਕ ਕੌਣ ਹੈ ?

(ਅ) 1634 ਈ: ਵਿੱਚ ਕਿਸਨੇ ਹਮਲਾ ਕੀਤਾ ?

(ੲ) ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਕੀ ਸੀ ?

(ਸ) ਗੁਰੂ ਤੇਗ ਬਹਾਦਰ ਜੀ ਦੇ ਨਾਨਕੇ ਕਿਹੜੇ ਪਿੰਡ ਸਨ ?

(ਹ) ਆਪਣੇ ਨਾਨਕੇ ਪਿੰਡ ਗੁਰੂ ਜੀ ਕੀ ਕਰਦੇ ਸਨ ?

(ਕ) ਗੁਰੂ ਜੀ ਲੋਕਾਂ ਵਿੱਚ ਕੀ ਵੰਡਦੇ ਸਨ ?

7. ਕੋਈ **ਪੰਜ** ਪ੍ਰਸ਼ਨ ਕਰੋ : $5 \times 1 = 5$

(ੳ) 'ਕਰਾਮਾਤ' ਕਹਾਣੀ ਦਾ ਲੇਖਕ ਕੌਣ ਹੈ ?

(ਅ) 'ਸਰਦਾਰ ਉੱਤਮ ਸਿੰਘ ਸੰਧੂ' ਕਿਸ ਕਹਾਣੀ ਦਾ ਪਾਤਰ ਹੈ ?

(ੲ) 'ਟਾਲਸਟਾਏ' ਸ੍ਵੈ-ਜੀਵਨੀ ਕਿਸ ਲੇਖਕ ਦੀ ਲਿਖੀ ਹੋਈ ਹੈ ?

(ਸ) ਗਿਆਨੀ ਗੁਰਦਿੱਤ ਸਿੰਘ ਦਾ ਕਿਹੜਾ ਨਿਬੰਧ ਸਿਲੇਬਸ ਵਿੱਚ ਲੱਗਿਆ ਹੋਇਆ ਹੈ ?

(ਹ) 'ਸਭਹਨ ਕੇ ਸਿਰਮੌਰ' ਨਿਬੰਧ ਵਿੱਚ ਕਿਸ ਸ਼ਖਸ਼ੀਅਤ ਬਾਰੇ ਚਾਨਣਾ ਪਾਇਆ ਗਿਆ ਹੈ ?

(ਕ) 'ਰਘੁਨਾਥ' ਕਿਸ ਇਕਾਂਗੀ ਦਾ ਮੁੱਖ ਪਾਤਰ ਹੈ ?

(ਖ) 'ਗਸ਼ਤ' ਕਹਾਣੀ ਵਿੱਚਲੇ ਠਾਣੇਦਾਰ ਦਾ ਕੀ ਨਾਂ ਹੈ ?

8. ਕੋਈ **ਦੋ** ਪ੍ਰਸ਼ਨ ਕਰੋ : **$2 \times 3 = 6$**

(ੳ) ਲੇਖਕ ਡੇਰੇ ਜਾਣ ਲਈ ਕਿਉਂ ਉਤਾਵਲਾ ਹੈ ?

(ਅ) ਮਰਦਾਨਾ ਵਾਰ-ਵਾਰ ਵਲੀ ਕੰਧਾਰੀ ਕੋਲ ਕਿਉਂ ਜਾਂਦਾ ਸੀ ਅਤੇ ਹਰ ਵਾਰੀ ਉਸਨੂੰ ਕੀ ਉੱਤਰ ਮਿਲਦਾ ਸੀ ?

(ੲ) ਬਾਬਾ ਸੋਹਣ ਸਿੰਘ ਭਕਨਾ ਕੌਣ ਸਨ ? ਉਨ੍ਹਾਂ ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਉੱਤੇ ਕੀ ਪ੍ਰਭਾਵ ਪਾਇਆ ?

9. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **$2 \times 5 = 10$**

(ੳ) ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥

(ਅ) ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥

ਹਰਿ ਨਾਲ ਰਹੁ ਤੂ ਮਨ ਮੇਰੇ ਦੂਖ ਸਭਿ ਵਿਸਾਰਣਾ ॥

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥

ਕਹੈ ਨਾਨਕ ਮਨ ਮੇਰੇ ਸਦਾ ਰਹੁ ਹਰਿ ਨਾਲੇ ॥

(ੲ) ਦੀਨਾਂ ਈਮਾਨਾਂ ਵਾਲਿਓ ਦਸਖ਼ਤ ਕਰੋ ।

ਦੋਹਾਂ ਜਹਾਨਾਂ ਵਾਲਿਓ ਦਸਖ਼ਤ ਕਰੋ ।

ਨੇਮਾਂ ਤੇ ਧਰਮਾਂ ਵਾਲਿਓ ਦਸਖ਼ਤ ਕਰੋ ।

ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ ।

10. ਕੋਈ **ਦੋ** ਪ੍ਰਸ਼ਨ ਕਰੋ : **$2 \times 5 = 10$**

(ੳ) 'ਹਨੇਰਾ ਜਰੇਗਾ ਕਿਵੇਂ' ਰਚਨਾ ਦਾ ਕੇਂਦਰੀ ਭਾਵ ਲਿਖੋ ।

(ਅ) 'ਇਸ਼ਕ ਦੀ ਨਵੀਓਂ ਨਵੀਂ ਬਹਾਰ' ਕਾਫ਼ੀ ਦਾ ਕੇਂਦਰੀ ਭਾਵ ਲਿਖੋ ।

(ੲ) ਗੁਰੂ ਨਾਨਕ ਦੇਵ ਜੀ ਅਨੁਸਾਰ ਇਸਤਰੀ ਦੀ ਸੰਸਾਰ ਵਿੱਚ ਕੀ ਮਹਾਨਤਾ ਹੈ ?

---

DO NOT WRITE ANYTHING HERE